# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ dgsepunjab18@gmail.com

## ਹੁਕਮ

ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ /2013/R00/005-07 ਮਿਤੀ 14.2.13

ਸ਼ਿਕਾਇਤ ਪ੍ਰਾਪਤ ਹੋਣ ਤੇ ਸ.ਹ.ਸ. ਜੰਡੀ ਜ਼ਿਲਾ ਲੁਧਿਆਣਾ ਦੇ ਆਰਟ ਐਂਡ ਕਰਾਫਟ ਟੀਚਰ ਸ੍ਰੀ ਗੁਰਕਮਲਪ੍ਰੀਤ ਸਿੰਘ ਵਿਰੁੱਧ ਤੱਥ ਭਾਲ ਪੜਤਾਲ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਲੁਧਿਆਣਾ ਵੱਲੋਂ ਪਿੰਡ ਦੀ ਪੰਚਾਇਤ ਅਤੇ ਮੋਹਤਬਰ ਵਿਅੱਕਤੀਆਂ ਦੀ ਮੌਜੂਦਗੀ ਵਿੱਚ ਕੀਤੀ ਗਈ ਅਤੇ ਪੜਤਾਲ ਦੌਰਾਨ ਪ੍ਰਭਾਵਿਤ ਵਿਦਿਆਰਥੀਆਂ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ ਤੇ ਸ੍ਰੀ ਗੁਰਕਮਲਪ੍ਰੀਤ ਸਿੰਘ ਆਰਟ ਐਂਡ ਕਰਾਫਟ ਟੀਚਰ ਸ.ਹ.ਸ ਜੰਡੀ ਜ਼ਿਲਾ ਲੁਧਿਆਣਾ ਵਿਰੁੱਧ ਨਿਮਨਲਿਖਤ ਕੋਤਾਹੀਆਂ ਪਾਈਆਂ ਗਈਆਂ :-

- ਸ੍ਰੀ ਗੁਰਕਮਲਪ੍ਰੀਤ ਸਿੰਘ ਆਰਟ ਐਂਡ ਕਰਾਫਟ ਟੀਚਰ ਸ.ਹ.ਸ ਜੰਡੀ ਜ਼ਿਲਾ ਲੁਧਿਆਣਾ ਵਿਦਿਆਰਥਣਾਂ ਨਾਲ ਇਤਰਾਜ਼ਯੋਗ ਛੇੜਛਾੜ ਅਤੇ ਅਸ਼ਲੀਲ ਅਤੇ ਗੰਦੀਆਂ ਹਰਕਤਾਂ ਕਰਦਾ ਹੈ।
- ਸ੍ਰੀ ਗੁਰਕਮਲਪ੍ਰੀਤ ਸਿੰਘ ਆਰਟ ਐਂਡ ਕਰਾਫਟ ਟੀਚਰ ਸ.ਹ.ਸ ਜੰਡੀ ਜ਼ਿਲਾ ਲੁਧਿਆਣਾ ਨੇ ਪੜਤਾਲ ਦੌਰਾਨ ਆਪਣੇ ਵਿਰੁੱਧ ਸ਼ਿਕਾਇਤ ਵਿੱਚ ਲਗਾਏ ਗਏ ਉਪਰੋਕਤ ਦੋਸ਼ਾਂ ਨੂੰ ਕਬੂਲਿਆ ਹੈ।

ਸ੍ਰੀ ਗੁਰਕਮਲਪ੍ਰੀਤ ਸਿੰਘ, ਆਰਟ ਐਂਡ ਕਰਾਫਟ ਟੀਚਰ, ਸ.ਹ.ਸ ਜੰਡੀ ਜ਼ਿਲਾ ਲੁਧਿਆਣਾ ਦੀਆਂ ਉਪਰੋਕਤ ਕੋਤਾਹੀਆਂ ਬੜੀਆਂ ਗੰਭੀਰ ਹਨ ਜਿਨ੍ਹਾਂ ਕਾਰਨ ਸੰਬੰਧਤ ਸਕੂਲ ਅਤੇ ਸਮੁੱਚੇ ਸਿੱਖਿਆ ਵਿਭਾਗ ਦਾ ਅਕਸ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ। ਇਨ੍ਹਾਂ ਉਕਤ ਗੰਭੀਰ ਕੋਤਾਹੀਆਂ ਕਾਰਨ ਸ੍ਰੀ ਗੁਰਕਮਲਪ੍ਰੀਤ ਸਿੰਘ ਆਰਟ ਐਂਡ ਕਰਾਫਟ ਟੀਚਰ ਸ.ਹ.ਸ ਜੰਡੀ ਜ਼ਿਲਾ ਲੁਧਿਆਣਾ ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਪਠਾਨਕੋਟ ਵਿਖੇ ਹੋਵੇਗਾ ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ /2013/R00/005-07 ਮਿਤੀ 14.2.13

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)/ਪੰਜਾਬ, ਚੰਡੀਗੜ੍ਹ
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਲੁਧਿਆਣਾ ਅਤੇ ਪਠਾਨਕੋਟ।
3. ਸੰਬੰਧਤ ਕਰਮਚਾਰੀ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।